# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਆਮ ਪਬਲਿਕ, ਵਿਦਿਆਰਥੀ, ਮਾਪੇ ਅਤੇ ਰਾਜ ਦੇ ਸਮੂਹ ਸਕੂਲਾਂ ਦੀ ਜਾਣਕਾਰੀ ਹਿਤ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸਾਲ 2023-24 ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਵੱਖ-ਵੱਖ ਕਾਰਜਾਂ ਲਈ ਸ਼ਡਿਊਲ ਜਾਰੀ ਕੀਤੇ ਗਏ ਹਨ/ ਕੀਤੇ ਜਾ ਰਹੇ ਹਨ। ਸ਼ਡਿਊਲ ਤਿਆਰ ਕਰਨ ਸਮੇਂ ਬੋਰਡ ਵਲੋਂ ਸਕੂਲਾਂ ਅਤੇ ਵਿਦਿਆਰਥੀਆਂ ਨਾਲ ਜੁੜੇ ਸਮੂਹ ਪਹਿਲੂਆਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਜਿਵੇਂ ਕਿ ਪਹਿਲਾਂ ਵੀ ਪ੍ਰੈਸ ਨੋਟ ਅਤੇ ਬੋਰਡ ਦੀ ਵੈਬਸਾਈਟ ਰਾਹੀਂ ਦੱਸਿਆ ਗਿਆ ਹੈ ਕਿ ਦਫ਼ਤਰ ਵਲੋਂ ਕਿਸੇ ਵੀ ਕਾਰਜ ਲਈ ਜਾਰੀ ਕੀਤੇ ਗਏ ਸ਼ਡਿਊਲ ਵਿੱਚ ਨਿਰਧਾਰਤ ਅੰਤਿਮ ਮਿਤੀ ਤੋਂ ਬਾਅਦ ਕਿਸੇ ਵੀ ਸੂਰਤ ਵਿੱਚ ਕੋਈ ਵਾਧਾ ਜਾਂ ਡਿਲੇਅ ਕੰਡੋਨ ਨਹੀਂ ਕੀਤੀ ਜਾਵੇਗੀ। ਬੋਰਡ ਵਲੋਂ ਜਾਰੀ ਕੀਤੇ ਸ਼ਡਿਊਲਜ਼ ਆਦਿ ਦੀ ਸੂਚਨਾ ਬੋਰਡ ਦੀ ਵੈਬਸਾਈਟ ਅਤੇ ਸਕੂਲਾਂ ਦੀ ਲਾਗ-ਇਨ ਆਈ.ਡੀ. ਤੇ ਉਪਲੱਬਧ ਕਰਵਾਈ ਜਾਂਦੀ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਰਾਜ ਦੇ ਸਮੂਹ ਸਕੂਲਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਦਿਨ ਪ੍ਰਤੀ ਦਿਨ ਬੋਰਡ ਦੀ ਵੈਬਸਾਈਟ www.pseb.ac.in ਅਤੇ ਸਕੂਲ ਦੀ ਲਾਗ-ਇਨ ਆਈ.ਡੀ. ਨੂੰ ਨਿਰੰਤਰ ਚੈੱਕ ਕਰਦੇ ਰਹਿਣ ਤਾਂ ਜੋ ਸਕੂਲ ਪੱਧਰ ਤੇ ਹੋਣ ਵਾਲੇ ਕਾਰਜ ਵਿੱਚ ਕਿਸੇ ਕਿਸਮ ਦੀ ਦੇਰੀ ਨਾ ਹੋਵੇ। ਨਿਰਧਾਰਤ ਸ਼ਡਿਊਲਜ਼ ਅਨੁਸਾਰ ਬਣਦੀ ਕਾਰਵਾਈ ਨਾ ਕਰਨ ਦੀ ਸੂਰਤ ਵਿੱਚ ਇਸ ਦੀ ਨਿਰੋਲ ਜ਼ਿੰਮੇਂਵਾਰੀ ਸਬੰਧਤ ਸੰਸਥਾ/ਸਕੂਲ ਮੁੱਖੀ ਦੀ ਹੋਵੇਗੀ। ਬੋਰਡ ਇਸ ਲਈ ਜ਼ਿੰਮੇਂਵਾਰ ਨਹੀਂ ਹੋਵੇਗਾ।

ਸਕੱਤਰ